ਦਫ਼ਤਰ ਡਾਇਰੈਕਟਰ, ਰਾਜ ਵਿੱਦਿਅਕ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ,
ਬਲਾਕ-ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਮੋਹਾਲੀ।
ਫੋਨ ਨੰ: 0172-2212221

ਵੱਲ

1) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.), ਪੰਜਾਬ।
2) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ.), ਪੰਜਾਬ
3) ਸਮੂਹ ਸਕੂਲ ਮੁੱਖੀ ਪੰਜਾਬ।

ਮੀਮੋ ਨੰ: 5/57-2018(ਅਕਾ)
ਮਿਤੀ 27/02/2019

ਵਿਸ਼ਾ:- ਮਾਰਚ, 2019 ਵਿੱਚ ਸੰਕਲਿਤ ਮੁਲਾਂਕਣ/ਪ੍ਰੀਖਿਆ (SA-II) ਅਤੇ 9ਵੀਂ ਤੇ 11ਵੀਂ ਜਮਾਤ ਦੀ ਸਲਾਨਾ ਪ੍ਰੀਖਿਆ ਲਈ ਡੇਟਸ਼ੀਟ ਜਾਰੀ ਕਰਨ ਸਬੰਧੀ।

ਉਪਰੋਕਤ ਸਬੰਧੀ ਲਿਖਿਆ ਜਾਂਦਾ ਹੈ ਕਿ ਛੇਵੀਂ ਅਤੇ ਸੱਤਵੀਂ ਜਮਾਤ ਦੇ ਵਿਦਿਆਰਥੀਆਂ ਦਾ ਸੰਕਲਿਤ ਮੁਲਾਂਕਣ (SA-II) ਅਤੇ ਨੌਵੀਂ ਤੇ ਗਿਆਰਵੀਂ ਜਮਾਤ ਦੀ ਮਾਰਚ 2019 ਦੀ ਸਲਾਨਾ ਪ੍ਰੀਖਿਆ, ਮਿਤੀ 08.03.2019 ਤੋਂ ਸ਼ੁਰੂ ਹੋ ਰਹੀ ਹੈ ।ਡੇਟਸ਼ੀਟ ਅਤੇ ਹਦਾਇਤਾਂ ਨਾਲ ਨੱਥੀ ਹਨ।

ਡਾਇਰੈਕਟਰ
ਐਸ.ਸੀ.ਈ.ਆਰ.ਟੀ
ਪੰਜਾਬ

ਪਿੱਠ ਅੰਕਣ ਨੰ: 5/57-2018(ਅਕਾ) / ਮਿਤੀ:
ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

1) ਡੀ.ਪੀ.ਆਈ. (ਸੈ.ਸਿ.), ਪੰਜਾਬ।
2) ਡੀ.ਪੀ.ਆਈ. (ਸੈ.ਸਿ.), ਪੰਜਾਬ।
3) ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ।

ਡਾਇਰੈਕਟਰ
ਐਸ.ਸੀ.ਈ.ਆਰ.ਟੀ
ਪੰਜਾਬ

ਦਫ਼ਤਰ ਡਾਇਰੈਕਟਰ, ਰਾਜ ਵਿੱਦਿਅਕ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ,
ਬਲਾਕ-ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਮੋਹਾਲੀ।
ਫੋਨ ਨੰ: 0172-2212221

ਵੱਲ

1) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.), ਪੰਜਾਬ।
2) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.), ਪੰਜਾਬ।
3) ਸਮੂਹ ਸਕੂਲ ਮੁੱਖੀ ਪੰਜਾਬ।

ਮੀਮੋ ਨੰ: 5/57-2018(ਅਕਾ)
ਮਿਤੀ :੨੬/02/2019

ਵਿਸ਼ਾ:- ਮਾਰਚ, 2019 ਵਿੱਚ ਹੋਣ ਵਾਲੇ ਵਿਦਿਆਰਥੀਆਂ ਦੇ ਸੰਕਲਿਤ ਮੁਲਾਂਕਣ (SA-II) ਅਤੇ ਨੌਵੀਂ ਅਤੇ ਗਿਆਰਵੀਂ ਜਮਾਤ ਦੀ ਸਲਾਨਾ ਪ੍ਰੀਖਿਆ ਸਬੰਧੀ ਸਮਾਂ ਸਾਰਨੀ।

ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਮਾਰਚ 2019 ਵਿੱਚ ਵਿਦਿਆਰਥੀਆਂ ਦਾ ਛੇਵੀਂ ਅਤੇ ਸੱਤਵੀਂ ਜਮਾਤ ਦੇ ਵਿਦਿਆਰਥੀਆਂ ਦਾ ਸੰਕਲਿਤ ਮੁਲਾਂਕਣ (SA-II) ਲਿਆ ਜਾਣਾ ਹੈ।ਇਸੇ ਤਰ੍ਹਾਂ ਨੌਵੀਂ ਅਤੇ ਗਿਆਰਵੀਂ ਜਮਾਤ ਦੀ ਮਾਰਚ 2019 ਦੀ ਸਲਾਨਾ ਪ੍ਰੀਖਿਆ ਲਈ ਜਾਣੀ ਹੈ।ਇਸ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਕਿ ਵਿਦਿਆਰਥੀ ਇਸ ਮੁਲਾਂਕਣ/ਪ੍ਰੀਖਿਆ ਪ੍ਰਤੀ ਪੂਰਨ ਰੂਪ ਵਿੱਚ ਦੁਹਰਾਈ ਕਰ ਸਕਣ ਅਤੇ ਇਸ ਮੁਲਾਂਕਣ ਪ੍ਰਤੀ ਸੰਜੀਦਾ ਹੋ ਜਾਣ, ਤਹਿਤ ਸਮਾਂ ਸਾਰਨੀ ਜਾਰੀ ਕੀਤੀ ਜਾ ਰਹੀ ਹੈ ਜੋ ਕਿ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ. | ਮਿਤੀ | ਦਿਨ | ਛੇਵੀਂ | ਸੱਤਵੀਂ | ਨੌਵੀਂ |
|---|---|---|---|---|---|
| 1 | 08.03.2019 | ਸ਼ੁੱਕਰਵਾਰ | ਸਮਾਜਿਕ ਵਿਗਿਆਨ | ਗਣਿਤ | ਅੰਗਰੇਜ਼ੀ |
| 2 | 11.3.2019 | ਸੋਮਵਾਰ | ਗਣਿਤ | ਅੰਗਰੇਜ਼ੀ | ਸਾਇੰਸ |
| 3 | 12.3.2019 | ਮੰਗਲਵਾਰ | ਸਰੀਰਕ ਸਿੱਖਿਆ | ਚੋਣਵਾਂ ਵਿਸ਼ਾ | ਹਿੰਦੀ |
| 4 | 13.3.2019 | ਬੁੱਧਵਾਰ | ਹਿੰਦੀ | ਸਮਾਜਿਕ ਵਿਗਿਆਨ | ਪੰਜਾਬੀ ਏ |
| 5 | 14.3.2019 | ਵੀਰਵਾਰ | ਚੋਣਵਾਂ ਵਿਸ਼ਾ | ਸਰੀਰਕ ਸਿੱਖਿਆ | ਪੰਜਾਬੀ ਬੀ |
| 6 | 15.03.2019 | ਸ਼ੁੱਕਰਵਾਰ | ਕੰਪਿਊਟਰ ਸਾਇੰਸ | ਕੰਪਿਊਟਰ ਸਾਇੰਸ | ਚੋਣਵਾਂ ਵਿਸ਼ਾ |
| 7 | 16.3.2019 | ਸ਼ਨੀਵਾਰ | ਅੰਗਰੇਜ਼ੀ | ਸਾਇੰਸ | ਕੰਪਿਊਟਰ ਸਾਇੰਸ |
| 9 | 18.3.2019 | ਸੋਮਵਾਰ | ਸਾਇੰਸ | ਪੰਜਾਬੀ | ਗਣਿਤ |
| 10 | 19.3.2019 | ਮੰਗਲਵਾਰ | ਪੰਜਾਬੀ | ਹਿੰਦੀ | ਸਮਾਜਿਕ ਵਿਗਿਆਨ |

2.0 ਮੁਲਾਂਕਣ/ਪ੍ਰੀਖਿਆ ਦਾ ਸਮਾਂ ਸਵੇਰੇ 9:30 ਵਜੇ ਤੋਂ 12:30 ਵਜੇ ਤੱਕ ਰਹੇਗਾ। ਸਕੂਲ ਦੇ ਅਨੁਸ਼ਾਸਨ ਦੀ ਜਿੰਮੇਵਾਰੀ ਪ੍ਰਿੰਸੀਪਲ/ਹੈੱਡ ਮਾਸਟਰ/ ਸਕੂਲ ਇੰਚਾਰਜ ਦੀ ਹੋਵੇਗੀ

3.0 ਕੰਪਿਊਟਰ ਅਧਿਆਪਕ ਆਪਣੇ ਵਿਸ਼ੇ ਦੇ ਮੁਲਾਂਕਣ ਟੂਲਜ਼/ਪੇਪਰ ਆਪਣੇ ਪੱਧਰ ਤੇ ਪੈਟਰਨ ਅਨੁਸਾਰ ਤਿਆਰ ਕਰਨਗੇ। ਜਿਸਦਾ ਸਮਾਂ ਦੋ ਘੰਟੇ ਹੋਵੇਗਾ। ਪ੍ਰੈਕਟੀਕਲ ਮੁਲਾਂਕਣ, ਲਿਖਤੀ ਮੁਲਾਂਕਣ ਤੋਂ ਪਹਿਲਾਂ ਮੁਕੰਮਲ ਕਰ ਲਿਆ ਜਾਵੇ।

4.0 ਛੇਵੀਂ,ਸੱਤਵੀਂ, ਨੌਵੀਂ ਅਤੇ ਗਿਆਰਵੀਂ ਜਮਾਤ ਦੇ ਸਾਇੰਸ/ਹਿਸਾਬ/ ਚੋਣਵੇ ਵਿਸ਼ੇ ਦੀ ਪ੍ਰਯੋਗੀ ਪ੍ਰੀਖਿਆ/ ਮੁਲਾਂਕਣ ਵੀ ਸਬੰਧਤ ਵਿਸ਼ਾ ਅਧਿਆਪਕਾਂ ਵੱਲੋਂ ਲਿਖਤੀ ਮੁਲਾਂਕਣ ਤੋਂ ਪਹਿਲਾਂ ਮੁਕੰਮਲ ਕਰ ਲਿਆ ਜਾਵੇ ਅਤੇ ਹਰੇਕ ਵਿਸ਼ੇ ਦੇ ਮੁਲਾਂਕਣ ਟੂਲਜ਼/ਪੇਪਰ ਸਕੂਲ ਮੁੱਖੀ ਵੱਲੋਂ ਸਬੰਧਤ ਵਿਸ਼ਾ ਅਧਿਆਪਕਾਂ ਤੋਂ ਤਿਆਰ ਕਰਵਾ ਲਏ ਜਾਣ।ਸਮੂਹ ਪ੍ਰਸ਼ਨ ਪੱਤਰ ਇਕੱਠੇ ਕਰਕੇ , ਇੱਕ ਫਾਇਲ ਵਿੱਚ ਰਿਕਾਰਡ ਲਈ ਰੱਖ ਲਏ ਜਾਣ।

5.0 ਗਿਆਰਵੀਂ ਜਮਾਤ ਦੀ ਪ੍ਰੀਖਿਆ ਮਾਰਚ 2019 ਦੇ ਮੁਲਾਂਕਣ ਲਈ ਸਕੂਲ ਮੁੱਖੀ ਆਪਣੇ ਪੱਧਰ ਤੇ ਸਬੰਧਤ ਵਿਸ਼ਾ ਅਧਿਆਪਕਾਂ ਦੁਆਰਾ, ਪਹਿਲਾਂ ਦੀ ਤਰ੍ਹਾਂ ਪੇਪਰ ਤਿਆਰ ਕਰਵਾ ਲੈਣ ਅਤੇ ਸਾਰੀਆਂ Streams ਲਈ ਸਮਾਂ ਸਾਰਣੀ ਜਾਰੀ ਕਰ ਲੈਣ।

6.0 ਗਿਆਰਵੀਂ ਜਮਾਤ ਦੇ ਵਿਦਿਆਰਥੀਆਂ ਦੀ ਸਮਾਂ ਸਾਰਣੀ ਜਾਰੀ ਕਰਨ ਲੱਗਿਆਂ ਸਕੂਲ ਮੁਖੀ ਵੱਲੋਂ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਇਹਨਾਂ ਜਮਾਤਾਂ ਦਾ ਲਿਖਤੀ ਮੁਲਾਂਕਣ ਵੀ ਮਿਤੀ 8 ਮਾਰਚ, 2019 ਤੋਂ 19 ਮਾਰਚ, 2019 ਤੱਕ ਕਰਵਾ ਲਿਆ ਜਾਵੇ ਤਾਂ ਜੋ ਸਾਰੇ ਸਕੂਲਾਂ ਵਿੱਚ ਮੁਲਾਂਕਣ ਦਾ ਸਮਾਂ ਇਕਸਾਰ ਰਹੇ। ਇਸ ਤੋਂ ਇਲਾਵਾ ਜਿਹਨਾਂ ਵਿਸ਼ਿਆਂ ਦਾ ਪ੍ਰਯੋਗੀ ਮੁਲਾਂਕਣ ਹੋਣਾ ਹੈ, ਉਹ ਲਿਖਤੀ ਪ੍ਰੀਖਿਆ ਤੋਂ ਪਹਿਲਾਂ ਮੁਕੰਮਲ ਕਰ ਲਏ ਜਾਣ।

7.0 ਉੱਤਰ-ਪੱਤਰੀਆਂ ਦਾ ਮੁਲਾਂਕਣ, ਟੇਬਲ ਮਾਰਕਿੰਗ ਸਿਸਟਮ ਨਾਲ ਹੋਵੇਗਾ।ਜਿਸ ਦਾ ਕੰਟਰੋਲ, ਸਕੂਲ ਦੇ ਸੀਨੀਅਰ ਅਧਿਆਪਕ/ਲੈਕਚਰਾਰ ਦੇ ਅਧੀਨ ਹੋਵੇਗਾ।ਮੁਲਾਂਕਣ ਦਾ ਕੰਮ-ਕਾਜ ਰੋਜ਼ਾਨਾ ਮਿਤੀ ਬੱਧ ਕੀਤਾ ਜਾਵੇ ਅਤੇ ਇਸ ਦਾ ਰੋਜ਼ਾਨਾ ਰਿਕਾਰਡ ਵੀ ਦਰਜ ਕੀਤਾ ਜਾਵੇ।

8.0 ਸਮੂਹ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਮਾਪੇ-ਅਧਿਆਪਕ ਮਿਲਣੀ (PTM) 30 ਮਾਰਚ 2019 ਨੂੰ ਲਾਜ਼ਮੀ ਤੌਰ ਤੇ ਸਵੇਰੇ 9:00 ਵਜੇ ਤੋਂ 1:30 ਵਜੇ ਤੱਕ ਆਯੋਜਿਤ ਕੀਤੀ ਜਾਵੇ ਤਾਂ ਜੋ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਅਧਿਆਪਕਾਂ ਦੁਆਰਾ ਮਾਪਿਆਂ ਨਾਲ ਸਾਂਝੀ ਕੀਤੀ ਜਾ ਸਕੇ ਅਤੇ ਵਿਦਿਆਰਥੀਆਂ ਦੇ ਭਵਿੱਖ ਲਈ ਸਕਾਰਤਮਕ ਸਿੱਟੇ ਨਿਕਲ ਸਕਣ।ਬੱਚਿਆਂ ਦੀ ਕਾਰਗੁਜਾਰੀ 30 ਮਾਰਚ 2019 ਨੂੰ ਕਲਾਸ ਇੰਚਾਰਜ ਦੁਆਰਾ ਦੱਸੀ ਜਾਵੇ।

9.0 ਸਮੂਹ ਸਕੂਲ ਮੁੱਖੀ, ਜਮਾਤ ਇੰਚਾਰਜ ਦੁਆਰਾ ਉੱਕਤ ਡੇਟਸ਼ੀਟ ਵਿਦਿਆਰਥੀਆਂ ਦੀ ਕਾਪੀ ਤੇ ਨੋਟ ਕਰਵਾਉਣ।

ਡਾਇਰੈਕਟਰ
ਐਸ.ਸੀ.ਈ.ਆਰ.ਟੀ
ਪੰਜਾਬ

ਪਿੱਠ ਅੰਕਣ ਨੰ: 5/57-2018(ਅਕਾ) / ਮਿਤੀ:

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

1) ਡੀ.ਪੀ.ਆਈ. (ਸੈ.ਸਿ.), ਪੰਜਾਬ।
2) ਡੀ.ਪੀ.ਆਈ. (ਸੈ.ਸਿ.), ਪੰਜਾਬ।
3) ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ।

ਡਾਇਰੈਕਟਰ
ਐਸ.ਸੀ.ਈ.ਆਰ.ਟੀ
ਪੰਜਾਬ